SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 167 | Tuesday, September 05, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਫੋਰਡ ਨੇ ਆਪਣੇ ਮੰਤਰੀ ਮੰਡਲ ਵਿੱਚ ਕੀਤੀ ਮਾਮੂਲੀ ਫੇਰਬਦਲ



ਓਨਟਾਰੀਓ, 4 ਸਤੰਬਰ (ਪੋਸਟ ਬਿਊਰੋ) : ਸੋਮਵਾਰ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕੀਤਾ। ਹਾਊਸਿੰਗ ਮੰਤਰੀ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਇਹ ਫੇਰਬਦਲ ਕੀਤਾ ਗਿਆ। ਇੰਟੇਗ੍ਰਿਟੀ ਕਮਿਸ਼ਨਰ ਦੀ ਰਿਪੋਰਟ ਵਿੱਚ ਇਹ ਆਖੇ ਜਾਣ ਉੱਤੇ ਕਿ ਉਨ੍ਹਾਂ ਐਥਿਕਸ ਨਿਯਮਾਂ ਦੀ ਉਲੰਘਣਾ ਕੀਤੀ ਹੈ, ਸਟੀਵ ਕਲਾਰਕ ਵੱਲੋਂ ਅਸਤੀਫਾ ਦੇ ਦਿੱਤਾ ਗਿਆ। ਹੁਣ ਉਨ੍ਹਾਂ ਦੀ ਥਾਂ ਲਾਂਗ ਟਰਮ ਕੇਅਰ ਮੰਤਰੀ ਰਹਿ ਚੁੱਕੇ ਪਾਲ ਕੈਲੈਂਡਰਾ ਲੈਣਗੇ। ਇਸ ਦੇ ਨਾਲ ਹੀ ਕੈਲੈਂਡਰਾ ਸਰਕਾਰ ਦੇ ਹਾਊਸ ਲੀਡਰ ਵੀ ਬਣੇ ਰਹਿਣਗੇ ਜਦਕਿ ਉਨ੍ਹਾਂ ਦੀ ਥਾਂ ਲਾਂਗ ਟਰਮ ਕੇਅਰ ਮੰਤਰੀ ਸਟੈਨ ਚੋਅ ਨੂੰ ਥਾਪਿਆ ਗਿਆ ਹੈ। ਕੈਰੋਲੀਨ ਮਲਰੋਨੀ ਨੂੰ ਖਜ਼ਾਨਾ ਬੋਰਡ ਦੀ ਪ੍ਰੈਜ਼ੀਡੈਂਟ ਨਿਯੁਕਤ ਕੀਤਾ ਗਿਆ ਹੈ ਤੇ ਪ੍ਰਭਮੀਤ ਸਰਕਾਰੀਆ ਉਨ੍ਹਾਂ ਦੀ ਥਾਂ ਟਰਾਂਸਪੋਰਟੇਸ਼ਨ ਮੰਤਰੀ ਦਾ ਅਹੁਦਾ ਸਾਂਭਣਗੇ। ਫਰੈਂਚ ਭਾਈਚਾਰੇ ਨਾਲ ਸਬੰਧਤ ਮਾਮਲਿਆਂ ਦੀ ਜ਼ਿੰਮੇਵਾਰੀ ਮਲਰੋਨੀ ਨਿਭਾਉਂਦੀ ਰਹੇਗੀ। ਫੋਰਡ ਨੇ ਆਖਿਆ ਕਿ ਉਨ੍ਹਾਂ ਟੀਮ ਨੰਵਿਆਈ ਹੈ। ਉਹ ਓਨਟਾਰੀਓ ਵਾਸੀਆਂ ਦੇ ਪੱਖ ਉੱਤੇ ਕੰਮ ਕਰਨਾ ਕਦੇ ਬੰਦ ਨਹੀਂ ਕਰਨਗੇ।

# ਫੋਰਡ ਸਰਕਾਰ ਨੇ ਟਰਾਂਸਪੋਰਟ ਮੰਤਰਾਲਾ ਕੀਤਾ ਪੰਜਾਬੀਆਂ ਹਵਾਲੇ

## * ਪ੍ਰਭਮੀਤ ਸਰਕਾਰੀਆ ਨੂੰ ਟਰਾਂਸਪੋਰਟ ਮੰਤਰੀ ਬਣਾਉਣ ਉੱਤੇ ਪੰਜਾਬੀ ਟਰੱਕਿੰਗ ਇੰਡਸਟਰੀ ਵਿੱਚ ਖੁਸ਼ੀ ਦੀ ਲਹਿਰ



ਪ੍ਰਭਮੀਤ ਸਰਕਾਰੀਆ
ਟਰਾਂਸਪੋਰਟ ਮੰਤਰੀ



ਪਾਰਲੀਆਮੈਂਟ ਅਸਿਸਟੈਂਟ ਸੈਕਟਰੀ
ਅਤੇ ਐਮਪੀਪੀ ਹਰਦੀਪ ਗਰੇਵਾਲ

ਬਰੈਂਪਟਨ, 4 ਸਤੰਬਰ (ਪੋਸਟ ਬਿਊਰੋ) : ਪ੍ਰਭਮੀਤ ਸਰਕਾਰੀਆ ਦੇ ਟਰਾਂਸਪੋਰਟ ਮੰਤਰੀ ਬਣਨ ਉੱਤੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਟਰੱਕਿੰਗ ਏਜੰਸੀਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਪੰਜਾਬੀ ਟਰੱਕਿੰਗ ਇੰਡਸਟਰੀ ਨਾਲ ਸਬੰਧਤ ਸੰਸਥਾਵਾਂ ਵਿੱਚੋਂ ਇੱਕ ਕੈਨੇਡੀਅਨ ਆਰਗੇਨਾਈਜ਼ੇਸ਼ਨ ਆਫ ਟਰੱਕਿੰਗ ਐਸੋਸਿਏਸ਼ਨਜ਼ (COTA) ਦੇ ਜਸਕਰਨ ਸੰਧੂ ਨੇ ਆਖਿਆ ਕਿ ਅਸੀਂ ਪ੍ਰਭਮੀਤ ਸਰਕਾਰੀਆ ਦੀ ਨਿਯੁਕਤੀ ਦਾ ਸਵਾਗਤ ਕਰਦੇ ਹਾਂ ਪਰ ਇਸ ਦੇ ਨਾਲ ਹੀ ਸਾਡੇ ਕੁੱਝ ਮੁੱਦੇ ਵੀ ਹਨ ਤੇ ਅਸੀਂ ਉਮੀਦ ਕਰਦੇ ਹਾਂ ਕਿ ਪ੍ਰਭਮੀਤ ਸਰਕਾਰੀਆ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਹੱਲ ਵੀ ਕੀਤਾ ਜਾਵੇਗਾ। ਕੋਟਾ ਦੇ ਹੀ ਮੈਂਬਰ ਸਰਾਏ ਟਰੱਕਿੰਗ ਐਸੋਸਿਏਸ਼ਨ ਦੇ ਸਤਨਾਮ ਸਿੰਘ ਸਰਾਏ ਨੇ ਆਖਿਆ ਕਿ ਸਾਡੀ ਇਹ ਖੁਸ਼ਕਿਸਮਤੀ ਹੈ ਕਿ ਹਰਿੰਦਰ ਤੱਖੜ ਤੋਂ ਬਾਅਦ ਸਾਨੂੰ ਇਹ ਦੂਜੀ ਵਾਰੀ ਪੰਜਾਬੀ ਟਰਾਂਸਪੋਰਟ ਮੰਤਰੀ ਮਿਲਿਆ ਹੈ। ਉਨ੍ਹਾਂ ਇਹ ਵੀ ਆਖਿਆ ਕਿ ਤੱਖੜ ਦੀ ਵਜ਼ਾਰਤ ਵੇਲੇ ਕੁੱਝ ਲੋਕਾਂ ਵੱਲੋਂ ਬੇਵਜ੍ਹਾ ਉਨ੍ਹਾਂ ਦੀ ਨੁਕਤਾਚੀਨੀ ਕੀਤੀ ਜਾਂਦੀ ਰਹੀ ਪਰ ਹੁਣ ਉਮੀਦ ਹੈ ਕਿ ਇਸ ਵਾਰੀ ਪ੍ਰਭਮੀਤ ਸਰਕਾਰੀਆ ਨਾਲ ਸਕਾਰਾਤਮਕ ਵਿਵਹਾਰ ਕਰਕੇ ਪੇਸ਼ੇਵਰਾਨਾ ਢੰਗ ਨਾਲ ਮੁੱਦਿਆਂ ਨੂੰ ਹੱਲ ਕੀਤਾ ਜਾਵੇਗਾ।

ਕੇਜੇਐਸ ਟਰਾਂਸਪੋਰਟ ਤੋਂ ਜਿੰਦਰ ਬੁੱਟਰ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਨੂੰ ਤਾਂ ਪਹਿਲਾਂ ਹੀ ਬੜਾ ਮਾਣ ਸੀ ਕਿ ਹਰਦੀਪ ਗਰੇਵਾਲ ਟਰਾਂਸਪੋਰਟ ਮੰਤਰਾਲੇ ਵਿੱਚ ਹਨ ਤੇ ਹੁਣ ਸਾਡਾ ਮਾਣ ਦੂਣ ਸਵਾਇਆ ਹੋ ਗਿਆ ਹੈ। ਫਾਲਕਨ ਗਰੁੱਪ ਤੋਂ ਜਰਨੈਲ ਸੰਧੂ ਵੱਲੋਂ ਆਖਿਆ ਗਿਆ ਕਿ ਪ੍ਰਭਮੀਤ ਸਰਕਾਰੀਆ ਤੇ ਹਰਦੀਪ ਗਰੇਵਾਲ ਸਾਡੇ ਭਾਈਚਾਰੇ ਦੀ ਟਰੱਕਿੰਗ ਇੰਡਸਟਰੀ ਨੂੰ ਬਿਹਤਰ ਢੰਗ ਨਾਲ ਸਮਝਣ ਦੀ ਸਮਰੱਥਾ ਰੱਖਦੇ ਹਨ ਤੇ ਇਸ ਲਈ ਸਾਨੂੰ ਆਪਣੀਆਂ ਮੁਸ਼ਕਲਾਂ ਸਮਝਾਉਣ ਲਈ ਕੋਈ ਜ਼ਿਆਦਾ ਮਿਹਨਤ ਨਹੀਂ ਕਰਨੀ ਪਵੇਗੀ।

ਐਚਕੇ ਯੂਨਾਈਟਿਡ ਟਰੱਕਿੰਗ ਤੋਂ ਜਰਨੈਲ ਮੰਡ ਤੇ ਤਰਲੋਚਨ ਮੰਡ ਨੇ ਆਖਿਆ ਕਿ ਸਾਨੂੰ ਪੂਰਾ ਯਕੀਨ ਹੈ ਕਿ ਪ੍ਰਭਮੀਤ ਸਰਕਾਰੀਆ ਤੇ ਹਰਦੀਪ ਗਰੇਵਾਲ ਦੀ ਮਦਦ ਨਾਲ ਅਸੀਂ ਆਪਣੀ ਆਵਾਜ਼ ਸਹੀ ਢੰਗ ਨਾਲ ਪਾਰਲੀਆਮੈਂਟ ਤੱਕ ਪਹੁੰਚਾ ਸਕਾਂਗੇ। ਇਸ ਦੇ ਨਾਲ ਹੀ ਇਹ ਵੀ ਆਸ ਕਰਦੇ ਹਾਂ ਕਿ ਪੰਜਾਬੀਆਂ ਦੇ ਪਸੰਦੀਦਾ ਕਿੱਤੇ ਵਿੱਚ ਆ ਰਹੀਆਂ ਮੁਸ਼ਕਲਾਂ ਦਾ ਹੱਲ ਸੁਚੱਜੇ ਢੰਗ ਨਾਲ ਕੀਤਾ ਜਾ ਸਕੇਗਾ। ਨੈੱਟਵਰਕ ਲਾਜਿਸਟਿਕਸ ਤੋਂ ਮੇਜਰ ਨੱਤ ਤੇ ਏਐਸਐਲ ਗਰੁੱਪ ਦੇ ਬਾਸੀ ਭਰਾਵਾਂ ਵੱਲੋਂ ਵੀ ਪ੍ਰਭਮੀਤ ਸਰਕਾਰੀਆ ਨੂੰ ਮੁਬਾਰਕਾਂ ਭੇਜੀਆਂ ਗਈਆਂ।

ਟੋਰਾਂਟੋ ਟਰੱਕ ਡਰਾਈਵਿੰਗ ਸਕੂਲ ਤੇ ਟੋਰਾਂਟੋ ਟਰੱਕ ਟਾਇਰ ਦੇ ਮਾਲਕ ਦਲਜੀਤ ਸਹੋਤਾ ਵੱਲੋਂ ਵੀ ਪ੍ਰਭਮੀਤ ਸਰਕਾਰੀਆ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਇਸ ਦੌਰਾਨ ਪ੍ਰਭਮੀਤ ਸਰਕਾਰੀਆ ਨੇ ਪੰਜਾਬੀ ਪੋਸਟ ਨਾਲ ਗੱਲ ਕਰਦਿਆਂ ਆਖਿਆ ਕਿ ਇਸ ਅਹੁਦੇ ਨਾਲ ਸਰਕਾਰ ਨੇ ਉਨ੍ਹਾਂ ਉੱਤੇ ਵੱਡੀ ਜ਼ਿੰਮੇਵਾਰੀ ਪਾਈ ਹੈ। ਉਨ੍ਹਾਂ ਆਖਿਆ ਕਿ ਟਰਾਂਸਪੋਰਟ ਪੰਜਾਬੀਆਂ ਦਾ ਪਸੰਦੀਦਾ ਕਿੱਤਾ ਹੈ ਤੇ ਉਹ ਤਨਦੇਹੀ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ ਤੇ ਕੁੱਝ ਬਿਹਤਰ ਕਰਕੇ ਵਿਖਾਉਣਗੇ। ਉਨ੍ਹਾਂ ਆਪਣੇ ਪਾਰਲੀਆਮੈਂਟ ਅਸਿਸਟੈਂਟ ਸੈਕਟਰੀ ਤੇ ਐਮਪੀਪੀ ਹਰਦੀਪ ਗਰੇਵਾਲ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਉਨ੍ਹਾਂ ਪਹਿਲਾਂ ਹੀ ਇਸ ਖੇਤਰ ਵਿੱਚ ਕਾਫੀ ਕੰਮ ਕੀਤਾ ਹੈ। ਉਨ੍ਹਾਂ ਆਖਿਆ ਕਿ ਉਹ ਉਮੀਦ ਕਰਦੇ ਹਨ ਕਿ ਉਨ੍ਹਾਂ ਦੇ ਅਧੀਨ ਹਰਦੀਪ ਗਰੇਵਾਲ ਹੋਰ ਬਿਹਤਰ ਕੰਮ ਕਰਨਗੇ।

> ਸਾਨੂੰ ਪੂਰਾ ਯਕੀਨ ਹੈ ਕਿ ਪ੍ਰਭਮੀਤ ਸਰਕਾਰੀਆ ਤੇ ਹਰਦੀਪ ਗਰੇਵਾਲ ਦੀ ਮਦਦ ਨਾਲ ਅਸੀਂ ਆਪਣੀ ਆਵਾਜ਼ ਸਹੀ ਢੰਗ ਨਾਲ ਪਾਰਲੀਆਮੈਂਟ ਤੱਕ ਪਹੁੰਚਾ ਸਕਾਂਗੇ।
> -ਐੱਚ.ਕੇ. ਯੂਨਾਈਟਿਡ ਟਰੱਕਿੰਗ ਤੋਂ ਜਰਨੈਲ ਮੰਡ ਤੇ ਤਰਲੋਚਨ ਮੰਡ

> ਸਾਨੂੰ ਤਾਂ ਪਹਿਲਾਂ ਹੀ ਬੜਾ ਮਾਣ ਸੀ ਕਿ ਹਰਦੀਪ ਗਰੇਵਾਲ ਟਰਾਂਸਪੋਰਟ ਮੰਤਰਾਲੇ ਵਿੱਚ ਹਨ ਤੇ ਹੁਣ ਸਾਡਾ ਮਾਣ ਦੂਣ ਸਵਾਇਆ ਹੋ ਗਿਆ ਹੈ।
> -ਕੇ.ਜੇ.ਐੱਸ. ਟਰਾਂਸਪੋਰਟ ਤੋਂ ਜਿੰਦਰ ਬੁੱਟਰ

> ਸਾਡੀ ਇਹ ਖੁਸ਼ਕਿਸਮਤੀ ਹੈ ਕਿ ਹਰਿੰਦਰ ਤੱਖੜ ਤੋਂ ਬਾਅਦ ਸਾਨੂੰ ਇਹ ਦੂਜੀ ਵਾਰੀ ਪੰਜਾਬੀ ਟਰਾਂਸਪੋਰਟ ਮੰਤਰੀ ਮਿਲਿਆ।
> -ਸਰਾਏ ਟਰੱਕਿੰਗ ਐਸੋਸਿਏਸ਼ਨ ਦੇ ਸਤਨਾਮ ਸਿੰਘ ਸਰਾਏ

> ਪ੍ਰਭਮੀਤ ਸਰਕਾਰੀਆ ਤੇ ਹਰਦੀਪ ਗਰੇਵਾਲ ਸਾਡੇ ਭਾਈਚਾਰੇ ਦੀ ਟਰੱਕਿੰਗ ਇੰਡਸਟਰੀ ਨੂੰ ਬਿਹਤਰ ਢੰਗ ਨਾਲ ਸਮਝਣ ਦੀ ਸਮਰੱਥਾ ਰੱਖਦੇ ਹਨ।
> -ਫਾਲਕਨ ਗਰੁੱਪ ਤੋਂ ਜਰਨੈਲ ਸੰਧੂ

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

OURR HOME & APPLIANCES
UNBEATABLE DEALS FOR THE WEEK
AT OURR HOME APPLIANCES!
REGULAR PACKAGE $3599
SWITCH TO ELECTRIC STOVE IN $0
JENNAIR · CAFÉ · KitchenAid · Electrolux · LG · FRIGIDAIRE · elica
BOSCH · Whirlpool · GE · MAYTAG · AMANA · SAMSUNG · VentAHood · Hisense · Danby
Unit #1, 241 Clarence Street, Brampton, ON, L6W 3E7, (416) 551-3343
44 Fasken Dr, Unit#2-9, Etobicoke, ON, M9W 5M8, (416) 792-0877
5781 Highway 7 Unit 10, Vaughan, ON, L4L 1T8, (416) 477-5556
1050 Speers Road, Oakville, ON, L6L 2X4, (416) 613-0555
Unit #6 - 410 Lewis Road, Stoney Creek, ON, L8E 5Y7, (905) 643-0818
Unit #4 -1540 Fanshawe Park Road West, London, ON, N6H 5L8, (519) 641-1010
416-551-5553 | www.ourrhomeappliances.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Allstate You're in good hands.
Insurance
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca
Trademark used under licence by Allstate Insurance Company. 232374 | 6-23

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axcel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਵਸਾਗਾ ਬੀਚ ਉੱਤੇ ਗੈਰਕਾਨੂੰਨੀ ਕਾਰ ਰੈਲੀ ਦੇ ਸਬੰਧ ਵਿੱਚ ਪੁਲਿਸ ਨੇ ਲਾਏ 250 ਚਾਰਜਿਜ਼

ਓਨਟਾਰੀਓ, 4 ਸਤੰਬਰ (ਪੋਸਟ ਬਿਊਰੋ) : ਲੇਬਰ ਡੇਅ ਵੀਕੈਂਡ ਉੱਤੇ ਪਲੈਨ ਕੀਤੀ ਗਈ ਗੈਰ ਮਨਜ਼ੂਰਸ਼ੁਦਾ ਕਾਰ ਰੈਲੀ ਦੇ ਸਬੰਧ ਵਿੱਚ ਕਾਰਵਾਈ ਕਰਦਿਆਂ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਵਸਾਗਾ ਬੀਚ ਤੇ ਨਾਲ ਲੱਗਦੇ ਇਲਾਕਿਆਂ ਵਿੱਚ 250 ਤੋਂ ਵੀ ਵੱਧ ਚਾਰਜਿਜ਼ ਲਾਏ ਹਨ।




ਐਤਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਓਪੀਪੀ ਨੇ ਆਖਿਆ ਕਿ ਸ਼ੁੱਕਰਵਾਰ ਨੂੰ 97 ਚਾਰਜਿਜ਼ ਲਾਏ ਗਏ ਤੇ ਸ਼ਨਿੱਚਰਵਾਰ ਨੂੰ 160 ਚਾਰਜਿਜ਼ ਲਾਏ ਗਏ। ਇਨ੍ਹਾਂ ਵਿੱਚੋਂ ਕੁੱਝ ਤੇਜ਼ ਰਫਤਾਰ ਨਾਲ ਗੱਡੀ ਚਲਾਉਣ, ਕੁੱਝ ਲਾਇਸੰਸ ਪਲੇਟ ਦੀ ਉਲੰਘਣਾ ਕਰਨ ਤੇ ਡਰਾਈਵਰ ਦੇ ਲਾਇਸੰਸ ਸਬੰਧੀ ਗੜਬੜੀ ਕਾਰਨ ਲਾਏ ਗਏ ਸਨ। ਪੁਲਿਸ ਨੇ ਦੱਸਿਆ ਕਿ ਨਤੀਜੇ ਵਜੋਂ ਕਈ ਗੱਡੀਆਂ ਨੂੰ ਜ਼ਬਤ ਕਰ ਲਿਆ ਗਿਆ।

ਇਹ ਚਾਰਜਿਜ਼ ਹਾਈਵੇਅ ਟਰੈਫਿਕ ਐਕਟ, ਲੀਕਰ ਲਾਇਸੰਸ ਤੇ ਕੰਟਰੋਲ ਐਕਟ ਅਤੇ ਕੰਪਲਸਰੀ ਆਟੋਮੋਬਾਈਲ ਇੰਸ਼ੋਰੈਂਸ ਐਕਟ ਤਹਿਤ ਲਾਏ ਗਏ। ਕਾਰ ਰੈਲੀ ਦੀ ਸੰਭਾਵਨਾ ਨੂੰ ਦੇਖਦਿਆਂ ਹੋਇਆਂ ਵਸਾਗਾ ਬੀਚ ਵਿੱਚ ਪੁਲਿਸ ਵੀ ਭਾਰੀ ਮਾਤਰਾ ਵਿੱਚ ਮੌਜੂਦ ਰਹੀ। ਸੜਕਾਂ ਨੂੰ ਬੰਦ ਕਰਨ ਦੇ ਨਾਲ ਨਾਲ ਥਾਂ ਥਾਂ ਉੱਤੇ ਚੈੱਕ ਨਾਕੇ ਲਾਏ ਗਏ ਤੇ ਸੋਧੀਆਂ ਹੋਈਆਂ ਕਾਰਾਂ ਨੂੰ ਬੀਚਫਰੰਟ ਉੱਤੇ ਜਾਣ ਤੋਂ ਵੀ ਰੋਕਿਆ ਗਿਆ।

# 8.5 ਕਰੋੜ ਦੇ ਸੋਨੇ ਸਮੇਤ ਬੀ ਐਸ ਐਫ ਨੇ ਕੀਤੇ ਦੋ ਗ੍ਰਿਫਤਾਰ

ਕੋਲਕੱਤਾ, 4 ਸਤੰਬਰ (ਪੋਸਟ ਬਿਊਰੋ): ਬੀਐਸਐਫ ਅਤੇ ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ), ਕੋਲਕੱਤਾ ਦੀ ਇੱਕ ਟੀਮ ਨੇ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਨਦੀਆ ਜ਼ਿਲ੍ਹੇ ਵਿੱਚ ਭਾਰਤ-ਬੰਗਲਾਦੇਸ਼ ਸਰਹੱਦ ਨੇੜੇ ਸੋਨੇ ਦੀ ਤਸਕਰੀ ਨੂੰ ਨਾਕਾਮ ਕਰ ਦਿੱਤਾ। ਇੱਕ ਘਰ ਵਿੱਚੋਂ 106 ਸੋਨੇ ਦੇ ਬਿਸਕੁਟਾਂ ਸਮੇਤ ਦੋ ਤਸਕਰ ਕਾਬੂ ਕੀਤੇ ਗਏ ਹਨ।

ਬੀਐਸਐਫ ਅਧਿਕਾਰੀ ਨੇ ਐਤਵਾਰ ਨੂੰ ਦੱਸਿਆ ਕਿ ਜ਼ਬਤ ਕੀਤੇ ਗਏ ਸੋਨੇ ਦਾ ਵਜ਼ਨ 14.296 ਕਿਲੋਗ੍ਰਾਮ ਹੈ, ਜਿਸ ਦੀ ਅੰਦਾਜ਼ਨ ਕੀਮਤ 8.50 ਕਰੋੜ ਰੁਪਏ ਹੈ। ਇਹ ਸੋਨਾ ਬੰਗਲਾਦੇਸ਼ ਤੋਂ ਤਸਕਰੀ ਕਰਕੇ ਲਿਆਂਦਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸੋਨੇ ਦੇ ਬਿਸਕੁਟ ਘਰ ਦੇ ਅੰਦਰ ਕੂੜੇ ਦੇ ਢੇਰ ਵਿੱਚ ਕੱਪੜੇ ਦੇ ਦੋ ਥੈਲਿਆਂ ਵਿੱਚ ਲੁਕਾ ਕੇ ਰੱਖੇ ਗਏ ਸਨ।

ਅਧਿਕਾਰੀ ਮੁਤਾਬਕ, ਠੋਸ ਸੂਚਨਾ ਦੇ ਆਧਾਰ 'ਤੇ ਬੀਐਸਐਫ ਦੀ 32ਵੀਂ ਕੋਰ ਦੇ ਜਵਾਨਾਂ ਅਤੇ ਡੀਆਰਆਈ ਦੀ ਟੀਮ ਨੇ ਨੂੰ ਸੰਯੁਕਤ ਤਲਾਸ਼ੀ ਮੁਹਿੰਮ ਚਲਾਈ ਅਤੇ ਦੱਖਣੀ ਬੰਗਾਲ ਫਰੰਟੀਅਰ ਦੇ ਅਧੀਨ ਬਾਰਡਰ ਚੌਕੀ ਵਿਜੇਪੁਰ ਖੇਤਰ ਦੇ ਇੱਕ ਘਰ ਤੋਂ ਸੋਨੇ ਦੀ ਇੱਕ ਖੇਪ ਜ਼ਬਤ ਕੀਤੀ।

## ਅ ਅੱਜ ਨਾਮਾ >>

ਗੱਲ ਨਾ ਹੁੰਦੀ ਆ ਸਾਫ ਪੰਜਾਬ ਅੰਦਰ,
ਹੋਊ ਕੀ ਚੋਣ ਸਮਝੌਤੇ ਦਾ ਰੰਗ ਮੀਆਂ।
ਕਾਂਗਰਸ ਮੁੜੇਗੀ ਆਪ ਦੇ ਵੱਲ ਕਹਿੰਦੇ,
ਛੱਡ ਕੇ ਰੋਸਾ ਜਾਂ ਅੰਦਰਲੀ ਸੰਗ ਮੀਆਂ।
ਪਾਰਟੀ ਆਪ ਵੀ ਸਿੱਖੇਗੀ ਨਰਮ ਹੋਣਾ,
ਜਾਂ ਉਹ ਰਹੇਗੀ ਸਦਾ ਅੜਬੰਗ ਮੀਆਂ।
ਜੁੜੂ ਫਿਰ ਭਾਜਪਾ ਨਾਲ ਅਕਾਲੀਆ ਦੇ,
ਜਾਂ ਫਿਰ ਰਹੇਗਾ ਜਾਰੀ ਹੁੜਦੰਗ ਮੀਆਂ।
ਪਲ-ਪਲ ਰਹੇ ਹਨ ਬਦਲ ਹਾਲਾਤ ਏਦਾਂ,
ਕੋਈ ਨਾ ਕਹਿਣ ਦੇ ਵਾਲੜੀ ਗੱਲ ਮੀਆਂ।
ਦਿਨ ਨੂੰ ਰੰਗ ਸਿਆਸਤ ਦਾ ਹੋਰ ਦਿੱਸਦਾ,
ਰਾਤ ਨੂੰ ਭਾਲਣ ਸਵਾਲਾਂ ਦਾ ਹੱਲ ਮੀਆਂ।

**ਤੀਸ ਮਾਰ ਖਾਂ**

# ਛੁਰੇਬਾਜ਼ੀ ਵਿੱਚ ਮਹਿਲਾ ਗੰਭੀਰ ਜ਼ਖ਼ਮੀ

ਟੋਰਾਂਟੋ, 4 ਸਤੰਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਵੈਸਟਨ ਰੋਡ ਤੇ ਹੰਬਰ ਬੁਲੇਵਾਰਡ ਏਰੀਆ ਵਿੱਚ ਛੁਰੇਬਾਜ਼ੀ ਦੀ ਇੱਕ ਘਟਨਾ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ।




ਟੋਰਾਂਟੋ ਪੁਲਿਸ ਨੂੰ ਸਵੇਰੇ 7:45 ਉੱਤੇ ਇੱਕ ਰਿਹਾਇਸ਼ੀ ਇਮਾਰਤ ਵਿੱਚ ਸੱਦਿਆ ਗਿਆ, ਜਿੱਥੇ ਇੱਕ ਵਿਅਕਤੀ ਵੱਲੋਂ ਮਹਿਲਾ ਨੂੰ ਲਾਬੀ ਵਿੱਚ ਚਾਕੂ ਮਾਰ ਦਿੱਤਾ ਗਿਆ ਸੀ। ਮਹਿਲਾ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਮਸ਼ਕੂਕ ਨੂੰ ਮੌਕੇ ਉੱਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਮਹਿਲਾ ਤੇ ਮਸ਼ਕੂਕ ਇੱਕ ਦੂਜੇ ਨੂੰ ਜਾਣਦੇ ਸਨ ਜਾਂ ਨਹੀਂ।

# ਨਵੀਂ ਮੁੰਬਈ ਪੁਲਸ ਨੇ ਕਰੋੜਾਂ ਦੇ ਨਸ਼ੀਲੇ ਪਦਾਰਥ ਕੀਤੇ ਬਰਾਮਦ, ਕਈ ਵਿਦੇਸ਼ੀ ਨਾਗਰਿਕਾਂ ਖਿਲਾਫ ਕੀਤੀ ਕਾਰਵਾਈ

ਮੁੰਬਈ, 4 ਸਤੰਬਰ (ਪੋਸਟ ਬਿਊਰੋ): ਮੁੰਬਈ 'ਚ ਨਸ਼ਾ ਤਸਕਰਾਂ ਖਿਲਾਫ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਇਸ ਲੜੀ ਵਿੱਚ ਨਵੀਂ ਮੁੰਬਈ ਪੁਲਿਸ ਨੇ ਸ਼ਨੀਵਾਰ ਨੂੰ ਨਸ਼ਾ ਤਸਕਰਾਂ ਦੇ ਖਿਲਾਫ ਇੱਕ ਵੱਡਾ ਅਭਿਆਨ ਚਲਾਇਆ ਅਤੇ ਲਗਭਗ 5 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ। ਨਵੀਂ ਮੁੰਬਈ ਦੇ ਪੁਲਸ ਕਮਿਸ਼ਨਰ ਮਿਲਿੰਦ ਭਰਾਂਬੇ ਦੀ ਅਗਵਾਈ 'ਚ ਇਸ ਕਾਰਵਾਈ 'ਚ ਵਾਸ਼ੀ, ਕੋਪਰਖੈਰਣੇ, ਖਾਰਘਰ ਅਤੇ ਤਲੋਜਾ ਪੁਲਸ ਸਟੇਸ਼ਨਾਂ ਦੇ 6 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਕੁੱਲ 74 ਵਿਦੇਸ਼ੀ ਨਾਗਰਿਕਾਂ ਤੋਂ ਪੁੱਛਗਿੱਛ ਕੀਤੀ ਗਈ। ਐਨਡੀਪੀਐਸ ਅਤੇ ਓਸਪੋਰਟ ਐਕਟ ਤਹਿਤ ਕੁੱਲ 5 ਕੇਸ ਦਰਜ ਕੀਤੇ ਗਏ ਹਨ, ਇਨ੍ਹਾਂ 5 ਕੇਸਾਂ ਵਿੱਚ 14 ਮੁਲਜ਼ਮਾਂ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ 3 ਕੇਸ ਦਰਜ ਕੀਤੇ ਗਏ ਹਨ।



ਇਸ ਛਾਪੇਮਾਰੀ ਵਿੱਚ ਨਵੀਂ ਮੁੰਬਈ ਪੁਲਿਸ ਨੇ 898 ਗ੍ਰਾਮ ਕੋਕੀਨ, 267 ਗ੍ਰਾਮ ਐਮਡੀ, 4,96,26,000 ਰੁਪਏ ਦੀ ਪਾਬੰਦੀਸ਼ੁਦਾ ਟ੍ਰਾਮਾਡੋਲ ਹਾਈਡ੍ਰੋਕਲੋਰਾਈਡ ਦੀਆਂ 36,640 ਸਟ੍ਰਿਪਾਂ ਜ਼ਬਤ ਕੀਤੀਆਂ ਹਨ। ਨਾਲ ਹੀ ਭਾਰਤ 'ਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਮੁਲਜ਼ਮਾਂ ਖਿਲਾਫ ਪਾਸਪੋਰਟ ਐਕਟ ਤਹਿਤ 2 ਮਾਮਲੇ ਦਰਜ ਕੀਤੇ ਗਏ ਹਨ। ਇਸ ਜਾਂਚ ਦੌਰਾਨ 9 ਵਿਦੇਸ਼ੀ ਨਾਗਰਿਕਾਂ ਦੇ ਦਸਤਾਵੇਜ਼ ਗਲਤ ਪਾਏ ਗਏ ਹਨ। ਵੀਜ਼ੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਭਾਰਤ 'ਚ ਰਹਿ ਰਹੇ 31 ਲੋਕਾਂ ਨੂੰ ਭਾਰਤ ਛੱਡਣ ਲਈ ਨੋਟਿਸ ਜਾਰੀ ਕੀਤੇ ਗਏ ਹਨ। ਨਾਲ ਹੀ, ਡਿਜੀਟਲ ਫੋਰੈਂਸਿਕ ਜਾਂਚ ਲਈ ਵਾਹਨ ਅਤੇ ਮੋਬਾਈਲ ਫੋਨ ਅਤੇ ਹੋਰ ਇਲੈਕਟ੍ਰਾਨਿਕ ਗਜ਼ਟ ਜ਼ਬਤ ਕੀਤੇ ਗਏ ਹਨ।

ਜਾਂਚ ਦੌਰਾਨ 11 ਅਜਿਹੇ ਵਿਅਕਤੀ ਸਾਹਮਣੇ ਆਏ ਜਿਨ੍ਹਾਂ ਖਿਲਾਫ਼ ਪਹਿਲਾਂ ਹੀ ਅਪਰਾਧਿਕ ਮਾਮਲੇ ਦਰਜ ਹਨ। ਨਵੀਂ ਮੁੰਬਈ ਦੇ ਪੁਲਿਸ ਕਮਿਸ਼ਨਰ ਮਿਲਿੰਦ ਭਰਾਂਬੇ ਨੇ ਕਿਹਾ ਕਿ ਜਿਨ੍ਹਾਂ ਫਲੈਟ ਮਾਲਕਾਂ ਨੇ ਪੁਲਿਸ ਨੂੰ ਆਪਣੇ ਫਲੈਟ ਛੱਡਣ ਬਾਰੇ ਜਾਣਕਾਰੀ ਨਹੀਂ ਦਿੱਤੀ, ਉਨ੍ਹਾਂ 'ਤੇ ਵੀ ਹੁਕਮਾਂ ਦੀ ਉਲੰਘਣਾ ਕਰਨ ਲਈ ਸੀਆਰਪੀਸੀ ਦੀ ਧਾਰਾ 144 ਤਹਿਤ ਮਾਮਲਾ ਦਰਜ ਕੀਤਾ ਜਾਵੇਗਾ।





















# ਟਰੂਡੋ ਤੇ ਟਰੰਪ ਸੁਰਖ਼ੀਆਂ 'ਚ ਰਹਿਣ ਵਾਲੇ ਲੀਡਰ



ਸੁਰਜੀਤ ਸਿੰਘ ਫਲੋਰਾ

ਇੱਕ ਨੂੰ ਅਸਹਿਣਸ਼ੀਲ ਅਤੇ ਲੰਗਿਵਾਦੀ ਟਿੱਪਣੀਆਂ ਕਰਦੇ ਫੜਿਆ ਗਿਆ ਹੈ। ਉਹ ਕਈ ਅਪਰਾਧਿਕ ਮੁਕੱਦਮਿਆਂ ਦਾ ਸਾਹਮਣਾ ਕਰ ਰਿਹਾ ਹੈ।

ਦੂਸਰਾ ਵੀ ਇਸੇ ਤਰ੍ਹਾਂ ਲੰਗੀ ਅਤੇ ਨਸਲਵਾਦੀ ਸ਼ਬਦਾਂ ਅਤੇ ਵਿਵਹ-ਾਰ ਲਈ ਮੁਸੀਬਤ ਵਿੱਚ ਫਸ ਗਿਆ ਹੈ - ਅਤੇ ਉਹ ਸੱਤਾ ਵਿੱਚ ਰਹਿੰਦੇ ਹੋਏ ਦੋ ਸੰਘੀ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਅਸੀਂ ਬੇਸ਼ੱਕ, ਪਹਿਲੀ ਸਥਿਤੀ ਵਿੱਚ ਡੋਨਲ ਟਰੰਪ ਅਤੇ ਦੂਜੇ ਵਿੱਚ ਜਸਟਿਨ ਟਰੂਡੋ ਬਾਰੇ ਗੱਲ ਕਰ ਰਹੇ ਹਾਂ। ਅਤੇ ਕਮਾਲ ਦੀ ਗੱਲ ਇਹ ਨਹੀਂ ਹੈ ਕਿ ਦੋਵਾਂ ਲੀਡਰਾਂ ਨੇ ਦੁਰਵਿਹਾਰ ਅਤੇ ਨਸਲਵਾਦੀ ਕੰਮ ਕੀਤੇ - ਅਤੇ ਨਿਯਮਾਂ ਨੂੰ ਤੋੜਿਆ।

ਪਿਛਲੇ ਹਫਤੇ ਜ਼ਿਆਦਾਤਰ ਮੁੱਖ ਪੰਨੇ ਡੋਨਲ ਟਰੰਪ ' ਦੀਆਂ ਸੁਰਖ਼ੀਆਂ ਨਾਲ ਭਰੇ ਪਏ ਸਨ ਜੋ ਉਸ ਦੇ ਤੀਜੇ ਅਤੇ ਸਭ ਤੋਂ ਗੰਭੀਰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਪਿਛਲੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਨੂੰ ਉਲਟਾਉਣ ਦੀ ਸਾਜਿਸ਼ ਰਚਣ ਦੇ ਦੋਸ਼ਾਂ ਤੋਂ ਬਾਅਦ ਸਾਬਕਾ ਅਮਰੀਕੀ ਰਾਸ਼ਟਰਪਤੀ ਨੂੰ ਵਾਸ਼ਿੰਗਟਨ ਵਿੱਚ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ।

ਦੂਜੇ ਪਾਸੇ ਦੁਨੀਆਂ ਭਰ ਦੇ ਅਖ਼ਬਾਰਾਂ ਦੇ ਮੁਖ ਪੇਜ਼ ਦੀਆਂ ਸੁਰਖ਼ੀਆਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੀ ਪਤਨੀ ਸੋਫੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜਦੋਂ ਜੋੜੇ ਨੇ ਵਿਆਹ ਦੇ 18 ਸਾਲਾਂ ਬਾਅਦ ਆਪਣੇ ਵੱਖ ਹੋਣ ਦਾ ਐਲਾਨ ਕੀਤਾ ਸੀ।

ਦੋਨੋਂ ਇਕ ਦੂਜੇ ਨੂੰ ਨਫ਼ਰਤ ਭਰੀਆਂ ਨਜ਼ਰਾਂ ਨਾਲ ਦੇਖਦੇ ਹਨ, ਸਮੇਂ ਸਮੇਂ ਇਕ ਦੂਜੇ ਨੂੰ ਕਮਜ਼ੋਰ ਜਾਂ ਟਰੰਪ ਆਪਣੇ ਆਮ ਨੂੰ ਬਹੁਤ ਤਾਂਕਤਵਰ ਸਮਝਦਾ ਹੈ, ਨੇ ਅਹੁਦਾ ਸੰਭਾਲਣ ਤੋਂ ਬਾਅਦ ਤੋਂ ਹੀ ਕੈਨੇਡਾ ਨਾਲ ਵਿਵਾਦ ਪੈਦਾ ਕਰ ਦਿੱਤਾ ਸੀ। ਆਪਣੇ ਵੱਖ-ਵੱਖ ਅਸਹਿਮਤੀਆਂ ਵਿੱਚ, ਟਰੂਡੋ ਨੇ ਕਦੇ ਵੀ ਪਹਿਲੀ ਗੋਲੀ ਨਹੀਂ ਚਲਾਈ। ਪਰ ਲੋੜ ਪੈਣ 'ਤੇ ਉਹ ਜਵਾਬੀ ਫਾਇਰ ਕਰਦਾ ਰਿਹਾ ਹੈ।

ਜਿਥੇਂ ਕਿ ਟਰੰਪ ਉਹ ਵਾਰ-ਵਾਰ ਵਿਆਹ ਵਿੱਚ ਅਸਫਲ ਰਿਹਾ। ਉਹ ਕਾਰੋਬਾਰ ਵਿਚ ਵਾਰ-ਵਾਰ ਅਸਫਲ ਰਿਹਾ। ਉਸਨੇ ਕੈਸੀਨੋ ਨੂੰ ਦੀਵਾਲੀਆ ਕਰ ਦਿੱਤਾ ਕਿਉਂਕਿ ਉਹ ਇਹ ਵੀ ਨਹੀਂ ਸਮਝ ਸਕਿਆ ਕਿ ਉਸ ਨੇ ਪੈਸਾ ਕਿਵੇਂ ਬਣਾਇਆ। ਉਸ 'ਤੇ ਵਾਰ-ਵਾਰ ਧੋਖਾਧੜੀ ਦਾ ਮੁਕੱਦਮਾ ਕੀਤਾ ਗਿਆ ਅਤੇ ਹਾਰ ਗਿਆ। ਫਿਰ ਉਸਨੇ ਰਾਜਨੀਤੀ ਵਿੱਚ ਦਾਖਲਾ ਲਿਆ ਅਤੇ ਰਿਕਾਰਡ ਕਰਜ਼ਾ ਸਿਰ ਚੜ੍ਹਾਂ ਦਿਤਾ, ਅਣਗਿਣਤ ਘਾਟੇ ਪੋਸਟ ਕੀਤੇ, ਿ ਅਣਗਿਣਤ ਗਿਣਤੀ ਵਿੱਚ ਨੌਕਰੀਆਂ ਗੁਆ ਦਿੱਤੀਆਂ, ਆਪਣੀ ਪੂਰੀ ਮਿਆਦ ਲਈ ਨਕਾਰਾਤਮਕ ਸ਼ੁੱਧ ਪ੍ਰਵਾਨਗੀ ਰੇਟਿੰਗ ਨੂੰ ਕਾਇਮ ਰੱਖਣ ਲਈ ਪ੍ਰਵਾਨਗੀ ਰੇਟਿੰਗ ਦੇ ਇਤਿਹਾਸ ਵਿੱਚ ਪਹਿਲਾ ਰਾਸ਼ਟਰਪਤੀ ਬਣ ਗਿਆ। ਇਤਿਹਾਸ ਵਿੱਚ ਪਹਿਲਾ ਰਾਸ਼ਟਰਪਤੀ ਜਿਸਨੂੰ ਤਿੰਨ ਵਾਰ ਮਹਾਂਦੋਸ਼ ਲਗਾਇਆ ਗਿਆ ਸੀ ਅਤੇ ਪਹਿਲੀ ਵਾਰ ਜਿਸਨੇ ਆਪਣੀ ਹੀ ਪਾਰਟੀ ਦੇ ਸੈਨੇਟਰਾਂ ਨੂੰ ਉਸਦੇ ਦੋਸ਼ੀ ਠਹਿਰਾਉਣ ਲਈ ਵੋਟ ਦਿੱਤੀ ਸੀ, ਅਤੇ ਇਤਿਹਾਸ ਵਿੱਚ ਕਿਸੇ ਵੀ ਵੱਡੀ ਪਾਰਟੀ ਦੇ ਉਮੀਦਵਾਰ ਨਾਲੋਂ ਉਸਦੇ ਵਿਰੁੱਧ ਵੱਧ ਵੋਟਾਂ ਪਾਈਆਂ ਸਨ।

ਦੂਜੇ ਪਾਸੇ ਕੈਨੇਡਾ ਦਾ ਪ੍ਰਧਾਨ ਮਤਰੀ ਟਰੂਡੋ ਹੈ, ਜਿਸ ਨੇ ਹਾਲ ਹੀ ਵਿਚ ਆਪਣੀ 18 ਸਾਲਾਂ ਦੀ ਵਿਆਹੋਤਾਂ ਜ਼ਿੰਦਗੀ ਤੋਂ ਵੱਖ ਹੋਣ ਦਾ ਐਲਾਨ ਕੀਤਾ ਹੈ ਭਾਂਵ ਆਪਣੀ ਪਤਨੀ ਸੋਫ਼ੀ ਤੋਂ ਤਲਾਕ ਲੈ ਲਿਆਂ ਹੈ। 2019 ਵਿੱਚ, ਟਰੂਡੋ ਨੇ ਜੋਡੀ ਵਿਲਸਨ-ਰੇਬੋਲਡ ਨੂੰ "ਕਈ ਤਰੀਕਿਆਂ ਨਾਲ" ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਕੇ, ਲਾਵਲੀਨ ਸਕੈਂਡਲ ਦੇ ਸਬੰਧ ਵਿੱਚ ਫੈਡਰਲ ਕਨਫਲਿਕਟ ਆਫ ਇੰਟਰਸਟ ਐਕਟ ਨੂੰ ਤੋੜਿਆ ਸੀ।

ਜੁਲਾਈ 2020 ਵਿੱਚ, ਟਰੂਡੋ ਨੂੰ ਹਿੱਤਾਂ ਦੇ ਟਕਰਾਅ ਲਈ ਤੀਜੀ ਨੈਤਿਕਤਾ ਦੀ ਜਾਂਚ ਦਾ ਸਾਹਮਣਾ ਕਰਨਾ ਪਿਆ ਜਦੋਂ ਇਹ ਸਾਹਮਣੇ ਆਇਆ ਕਿ ਉਸਦੇ ਪਰਿਵਾਰ ਦੇ ਮੈਂਬਰਾਂ ਨੂੰ ੱ ਚੈਰਿਟੀ ਦੁਆਰਾ ਲੱਖਾਂ ਡਾਲਰਾਂ ਦਾ ਭੁਗਤਾਨ ਕੀਤਾ ਗਿਆ ਸੀ। ਸਰਕਾਰ ਨੇ ੱ ਚੈਰਿਟੀ ਨੂੰ $900 ਮਿਲੀਅਨ ਵਿਦਿਆਰਥੀ-ਵਰਕ ਪ੍ਰੋਗਰਾਮ ਲਈ ਇੱਕ ਮਹੱਤਵਪੂਰਨ ਠੇਕਾ ਦਿੱਤਾ ਸੀ। ਮਈ 2016 ਵਿੱਚ, ਪ੍ਰਧਾਨ ਮੰਤਰੀ ਉੱਤੇ ਹਾਊਸ ਆਫ਼ ਕਾਮਨਜ਼ ਵਿੱਚ ਇੱਕ ਸੈਸ਼ਨ ਵਿੱਚ ਇੱਕ ਪੁਰਸ਼ ਸੰਸਦ ਮੈਂਬਰ ਨਾਲ ਗਰਮਾ- ਗਰਮੀ " ਤੋਂ ਬਾਅਦ ਇੱਕ ਮਹਿਲਾ ਸੰਸਦ ਮੈਂਬਰ ਨੂੰ ਛਾਤੀ ਵਿੱਚ ਕੂਹਣੀ ਮਾਰਨ ਦਾ ਦੋਸ਼ ਲਗਾਇਆ ਗਿਆ ਸੀ।

ਕਮਾਲ ਦੀ ਗੱਲ ਇਹ ਹੈ ਕਿ ਉਨ੍ਹਾਂ ਦੇ ਪੱਖਪਾਤੀ - ਟਰੰਪ ਦੇ ਨਾਲ ਮੈਗਾ, ਟਰੂਡੋ ਨਾਲ ਟਰੂਐਨਨ - ਉਨ੍ਹਾਂ ਦੇ ਨਾਲ ਰਹੇ ਹਨ। ਉਦੋਂ ਵੀ ਜਦੋਂ ਦੋਵਾਂ ਨੇ ਆਪਣੇ ਆਪ ਨੂੰ ਸਭ ਤੋਂ ਘਟੀਆ ਕਿਸਮ ਦਾ ਸਿਆਸਤਦਾਨ ਸਾਬਿਤ ਕੀਤਾ ਹੈ। ਅਫ਼ਸੋਸ ਦੀ ਗੱਲ ਇਹ ਵੀ ਹੈ ਕਿ, ਸਿਆਸਤਦਾਨ ਨਿਯਮਿਤ ਤੌਰ 'ਤੇ ਭਿਆਨਕ ਚੀਜ਼ਾਂ ਕਰਦੇ ਫੜੇ ਜਾਂਦੇ ਹਨ: ਨਸਲਵਾਦ, ਲੰਗਿਵਾਦ, ਕਾਨੂੰਨ ਤੋੜਨਾ।

ਪਰ ਕਿਉਂ? ਕੀ ਵੋਟਰਾਂ ਦਾ ਇੱਕ ਹਿੱਸਾ ਦੋ ਆਦਮੀਆਂ ਨਾਲ ਜੁੜਿਆ ਹੋਇਆ ਹੈ ਜੋ ਕਿਸੇ ਜਨਤਕ ਅਹੁਦੇ ਲਈ ਇੰਨੇ ਸਪੱਸ਼ਟ ਤੌਰ 'ਤੇ ਅਯੋਗ ਹਨ? ਫਿਰ ਵੀ ਇੰਨੀ ਵੱਡੀ ਗਿਣਤੀ ਵਿਚ ਲੋਕ ਨੇਤਾਵਾਂ ਦੁਆਰਾ ਕੀਤੇ ਗਏ ਹਰ ਗਲਤੀ ਨੂੰ ਕਿਉਂ ਮਾਫ਼ ਕਰ ਰਹੇ ਹਨ ਤੇ ਉਹਨਾਂ ਦੇ ਨਾਲ ਖੜ੍ਹੇ ਹਨ।

ਇਹ ਨਿਸ਼ਚਤ ਕਰਨ ਲਈ, ਅਜੀਬ ਅਤੇ ਨਿਰਾਸ਼ਾਜਨਕ ਹੈ, ਸਾਡੇ ਵਿੱਚੋਂ ਬਹੁਤੇ ਇਸ ਨੂੰ ਨਹੀਂ ਸਮਝਦੇ। ਟਰੂਡੋ ਦੇ ਮਾਮਲੇ ਵਿੱਚ, 2019 ਅਤੇ 2021 ਵਿੱਚ ਬਹੁਮਤ ਨੇ ਉਸਦੇ ਖਿਲਾਫ ਵੋਟ ਕੀਤਾ ਸੀ। ਟਰੰਪ ਦੇ ਮਾਮਲੇ ਵਿੱਚ, ਵੱਡੀ ਗਿਣਤੀ ਵਿੱਚ ਅਮਰੀਕੀਆਂ ਨੇ ਵੀ ਉਸਦੇ ਖਿਲਾਫ ਵੋਟ ਕੀਤਾ ਸੀ। ਪਰ ਉਨ੍ਹਾਂ ਦੇ ਹਾਰਡ-ਕੋਰ ਸਮਰਥਕ ਟਰੂਡੋ ਅਤੇ ਟਰੰਪ ਪ੍ਰਤੀ ਜ਼ਿੱਦੀ ਤੌਰ 'ਤੇ ਵਚਨਬੱਧ ਹਨ, ਦਲੀਲ ਨਾਲ ਪਹਿਲਾਂ ਨਾਲੋਂ ਕਿਤੇ ਵੱਧ। ਭਰਵੇਂ ਸਬੂਤਾਂ ਦੇ ਬਾਵਜੂਦ ਉਨ੍ਹਾਂ ਦੇ ਖਿਲਾਫ ਮਾਰਸ਼ਲ ਕੀਤਾ ਗਿਆ ਹੈ। ਵਿਰੋਧਾਭਾਸੀ ਤੌਰ 'ਤੇ, ਇਹ ਉਹ ਸਬੂਤ ਹੈ - ਕਥਿਤ ਤੌਰ 'ਤੇ ਕਾਨੂੰਨ ਨੂੰ ਤੋੜਨਾ, ਨੈਤਿਕ ਅਤੇ ਨੈਤਿਕ ਨਿਯਮਾਂ ਨੂੰ ਤੋੜਨਾ - ਜੋ ਕਿ ਟਰੰਪ ਅਤੇ ਟਰੂਡੋ ਦੇ ਪੱਖਪਾਤੀਆਂ ਦੀ ਵਫ਼ਾਦਾਰੀ ਨੂੰ ਮਜ਼ਬੂਤ ਕੀਤਾ ਜਾਪਦਾ ਹੈ, ਘੱਟ ਨਹੀਂ ਹੋਇਆ ਹੈ। ਜਿਨ੍ਹਾਂ ਗੱਲਾਂ ਨੇ ਬਹੁਗਿਣਤੀ ਨੂੰ ਟਰੰਪ ਅਤੇ ਟਰੂਡੋ ਤੋਂ ਦੂਰ ਧੱਕਿਆ ਹੈ, ਉਹੀ ਚੀਜ਼ਾਂ ਹਨ ਜਿਨ੍ਹਾਂ ਨੇ ਉਨ੍ਹਾਂ ਦੀਆਂ ਪਾਰਟੀਆਂ 'ਤੇ ਆਪਣੀ ਪਕੜ ਮਜ਼ਬੂਤ ਕੀਤੀ ਹੈ। ਇਹ ਕਿਵੇਂ ਹੋ ਸਕਦਾ ਹੈ?

ਜਿਸ ਵਾਰੇ ਤਿੰਨ ਕਾਰਨ ਸਾਹਮਣੇ ਆਉਂਦੇ ਹਨ, ਇੱਕ, ਘੁਟਾਲਿਆਂ ਦਾ ਅੱਜਕੱਲ੍ਹ ਬਹੁਤ ਸਾਰੇ ਵੋਟਰਾਂ 'ਤੇ ਕੋਈ ਅਸਰ ਨਹੀਂ ਪੈਂਦਾ। ਅਸੀਂ ਮੁੱਖ ਤੌਰ 'ਤੇ ਮੀਡੀਆ ਅਤੇ ਹੋਰ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਾਂ। ਨਾਗਰਿਕਾਂ ਨੇ ਮੀਡੀਆ - ਅਤੇ ਰਾਜਨੀਤਿਕ ਵਿਰੋਧੀਆਂ - ਨੂੰ "ਘੁਟਾਲੇ" ਦਾ ਰੋਣਾ ਬਹੁਤ ਵਾਰ ਦੇਖਿਆ ਹੈ ਅਤੇ, ਜਿਵੇਂ ਕਿ ਬਘਿਆੜ ਆਉਣ ਤੇ ਆਜੜੀ ਰੋਣ ਵਾਲੇ ਮੁੰਡੇ ਬਾਰੇ ਦ੍ਰਿਸ਼ਟਾਂਤ ਵਿੱਚ, ਉਹ ਰੋਣਾ ਹੁਣ ਬਹੁਤ ਸਾਰੇ ਮਨਾਂ ਨੂੰ ਹੁਣ ਨਹੀਂ ਬਦਲਦਾ। ਜਦੋਂ ਤੱਕ ਟਰੂਡੋ ਅਤੇ ਟਰੰਪ ਦੇ ਸਹਿਯੋਗੀ ਇਹ ਨਹੀਂ ਦੇਖਦੇ ਕਿ ਉਨ੍ਹਾਂ ਦੇ ਲੀਡਰਾਂ ਨੂੰ ਪੁਲਿਸ ਵਾਲੇ ਹੱਥ ਕੜ੍ਹੀ ਲਗਾ ਕੇ ਜੇਲ੍ਹਾ ਵਿਚ ਨਹੀਂ ਲੈ ਜਾਂਦੇ ਤਦ ਤੱਕ ਉਹ ਵਿਸ਼ਵਾਸ ਨਹੀਂ ਕਰਨਗੇ ਕਿ ਉਹਨਾਂ ਦੇ ਇਹ ਚਹੇਤੇ ਲੀਡਰ ਸੱਚ ਮੁਚ ਅਪਰਾਦੀ ਹਨ, ਪਰ ਅਫਸੋਸ ਹਾਲੇ ਤੱਕ ਕੋਈ ਠੋਸ ਸਬੂਤ ਨਹੀਂ ਮਿਲੇ।



ਦੂਸਰਾ , ਸੋਸ਼ਲ ਮੀਡੀਆ। ਚੰਗੇ ਪੁਰਾਣੇ ਦਿਨਾਂ ਵਿੱਚ, ਟਵਿੱਟਰ ਅਤੇ ਫੇਸਬੁੱਕ ਤੋਂ ਪਹਿਲਾਂ - ਜੋ ਬਾਅਦ ਦੇ ਮਾਮਲੇ ਵਿੱਚ, ਹੁਣ ਕਿਸੇ ਵੀ ਕੈਨੇਡੀਅਨ ਖ਼ਬਰਾਂ ਨੂੰ ਸਰਗਰਮੀ ਨਾਲ ਸੈਂਸਰ ਕਰ ਰਿਹਾ ਹੈ - ਪੱਖਪਾਤੀਆਂ ਨੂੰ ਪਛਾਣਨਾ ਅਤੇ ਸੰਗਠਿਤ ਕਰਨਾ ਔਖਾ ਸੀ। ਉਹ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਸਾਬਿਤ ਕਰਨ ਲਈ ਮੂਹਰੀ ਰਹੇ ਹਨ।

ਸੋਸ਼ਲ ਮੀਡੀਆ ਯੁੱਗ ਵਿੱਚ, ਹਾਲਾਂਕਿ, ਕੱਟੜ ਟਰੰਪ ਜਾਂ ਟਰੂਡੋ ਦੇ ਕੱਟੜਪੰਥੀ ਇੱਕ ਦੂਜੇ ਨੂੰ ਲੱਭ ਸਕਦੇ ਹਨ - ਤੁਰੰਤ, ਮੁਫ਼ਤ ਵਿੱਚ - ਸਿਰਫ਼ ਇੱਕ ਹੈਸ਼ਟੈਗ ਵਿੱਚ ਟਾਈਪ ਕਰਕੇ। ਜਦੋਂ ਉਹ ਅਜਿਹਾ ਕਰਦੇ ਹਨ, ਵਚਨਬੱਧ ਪੱਖਪਾਤੀ ਆਪਣੇ ਨੇਤਾ ਦੀ ਆਲੋਚਨਾ ਕਰਨ ਵਾਲੇ ਕਿਸੇ ਵੀ ਸਬੂਤ ਦੀ ਅਣਦੇਖੀ ਕਰਦੇ ਹੋਏ, ਆਪਣੇ ਖ਼ੁਦ ਦੇ ਈਕੋ ਚੈਂਬਰ ਦੇ ਅੰਦਰ ਹੀ ਰਹਿੰਦੇ ਹਨ, ਅਤੇ ਉਹ ਦੂਜੇ ਪਾਸੇ ਦੇ ਲੋਕਾਂ ਨੂੰ ਅਸਲ ਦੁਸ਼ਮਣ ਵਜੋਂ ਦੇਖਦੇ ਹਨ।

ਤੀਸਰਾ, ਅਤੇ ਅੰਤ ਵਿੱਚ, ਟਰੂਡੋ ਅਤੇ ਟਰੰਪ ਸਿਆਸੀ ਪਾਰਟੀਆਂ ਦੀ ਨਹੀਂ, ਅੰਦੋਲਨਾਂ ਦੀ ਅਗਵਾਈ ਕਰਦੇ ਹਨ। ਟਰੰਪ ਨੇ ਸ਼ਾਬਦਿਕ ਤੌਰ ਇਕ ਇਕੱਠ ਨੂੰ ਇੱਕ ਅੰਦੋਲਨ ਕਿਹਾ ਹੈ - ਅਤੇ ਟਰੂਡੋ ਨੇ ਵਾਰ-ਵਾਰ ਆਪਣੇ ਬੇਕਸੂਰ ਅਤੇ ਲੋਕਾ ਦੇ ਹਿਤ ਦੀ ਗੱਲ ਕਰਦੇ ਹੋਏ ਆਪਣਿਆਂ ਗਲਤੀਆਂ ਤੇ ਪਰਦਾ ਪਾਇਆ ਹੈ। ਅਸਲ ਰਾਜਨੀਤਿਕ ਪਾਰਟੀਆਂ ਵਿੱਚ, ਨਿਯੰਤਰਣ ਹੇਠਾਂ ਤੋਂ ਉੱਪਰ ਆਉਂਦਾ ਹੈ। ਇੱਕ ਅੰਦੋਲਨ ਵਿੱਚ, ਸ਼ਕਤੀ ਉੱਪਰ ਤੋਂ ਹੇਠਾਂ ਆਉਂਦੀ ਹੈ. ਅਤੇ, ਇਸ ਲਈ, ਸਿਖਰ 'ਤੇ ਨੇਤਾ ਨੂੰ ਹਰ ਕੀਮਤ 'ਤੇ ਬਚਾਅ ਕਰਨ ਦੀ ਜ਼ਰੂਰਤ ਪੈਂਦੀ ਹੈ ਜੋ ਦੋਨੋਂ ਲਡਿਰ ਕਰ ਰਹੇ ਹਨ।

ਜਿਸ ਕਾਰਨ ਕੈਨੇਡਾ ਅਤੇ ਅਮਰੀਕਾ ਜਸਟਿਨ ਟਰੂਡੋ ਅਤੇ ਡੋਨਾਲਡ ਟਰੰਪ ਨਾਲ ਘਿਰੇ ਰਹਿੰਦੇ ਹਨ। ਅਤੇ ਇਹੀ ਕਾਰਨ ਹੈ ਕਿ ਦੋਵੇਂ ਲੀਡਰ- ਸਬੂਤ ਦੇ ਬਾਵਜੂਦ, ਬਹੁਗਿਣਤੀ ਦੇ ਵਿਚਾਰ ਦੇ ਬਾਵਜੂਦ ਇਹ ਕਾਨੂੰਨ ਦੇ ਸਿਕੰਜੇ ਤੋਂ ਬਚ ਨਿਕਲਦੇ ਹਨ ਪਰ ਆਖਿਰ ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਏਗੀ, ਇੱਕ ਦਿਨ ਤਾਂ ਬੱਕਰੇ ਨੂੰ ਹਲਾਲ ਹੋਣਾ ਹੀ ਪੈਣਾ ਹੈ। ਉਹ ਦਿਨ ਦੂਰ ਨਹੀਂ ਹੈ ਜਦ ਦੋਨਾਂ ਖਿਲਾਫ ਪੱਕੇ ਸਬੂਤ ਮਿਲ ਜਾਣਗੇ ਅਤੇ ਦੋਨੋਂ ਜੇਲ੍ਹਾਂ ਦੀ ਹਵਾ ਖਾਂਦੇ ਹੋਏ ਇਕ ਦੂਜੇ ਨੂੰ ਕਮਜ਼ੋਰੀ ਅਤੇ ਤਾਂਕਤਵਰ ਲੀਡਰ ਹੋਣ ਦੇ ਭਰਮ 'ਚ ਬਾਹਰ ਨਿਕਲਗੇ। ਲੋਕਾ ਨੂੰ ਅੱਖਾਂ ਖ੍ਹੋਲਣ ਦੀ ਜਰੂਰ ਹੈ ਤੇ ਸੱਚ ਦਾ ਸਾਹਮਣਾ ਕਰਨ ਦੀ ਜਰੂਰਤ ਹੈ। ਅਕਾਸ਼ ਉਹ ਦਿਨ ਜਲਦੀ ਆ ਜਾਵੇ!

# 'ਖੇਡਾਂ ਵਤਨ ਪੰਜਾਬ ਦੀਆਂ-2023': ਨਿਹਾਲ ਸਿੰਘ ਵਾਲਾ ਦੇ ਬਲਾਕ ਪੱਧਰੀ ਮੁਕਾਬਲਿਆਂ ਦੀ ਵਿਧਾਇਕ ਬਿਲਾਸਪੁਰ ਨੇ ਕਰਵਾਈ ਸ਼ੁਰੂਆਤ

ਮੋਗਾ, 4 ਸਤੰਬਰ (ਗਿਆਨ ਸਿੰਘ): ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਵੱਲੋਂ ''ਖੇਡਾਂ ਵਤਨ ਪੰਜਾਬ ਦੀਆਂ-2023'' ਅਧੀਨ ਬਲਾਕ ਨਿਹਾਲ ਸਿੰਘ ਵਾਲਾ ਦੇ ਬਲਾਕ ਪੱਧਰੀ ਮੁਕਾਬਲੇ ਅਕਾਲੀ ਕਰਤਾਰ ਸਿੰਘ ਖੇਡ ਸਟੇਡੀਅਮ ਬਿਲਾਸਪੁਰ ਵਿਖੇ ਸ਼ੁਰੂ ਹੋ ਚੁੱਕੇ ਹਨ। ਨਿਹਾਲ ਸਿੰਘ ਵਾਲਾ ਦੇ ਬਲਾਕ ਪੱਧਰੀ ਇਹ ਮੁਕਾਬਲੇ 6 ਸਤੰਬਰ ਤੱਕ ਚੱਲਣਗੇ।

ਨਿਹਾਲ ਸਿੰਘ ਵਾਲਾ ਬਲਾਕ ਪੱਧਰੀ ਖੇਡਾਂ ਦੇ ਪਹਿਲੇ ਦਿਨ ਅੱਜ ਖਿਡਾਰੀਆਂ ਨੇ ਪੂਜੇ ਜ਼ੋਸ਼ ਅਤੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਖੇਡ ਮੈਦਾਨਾਂ ਦੀਆਂ ਰੌਣਕਾਂ ਨੂੰ ਵਧਾਇਆ। ਬਲਾਕ ਨਿਹਾਲ ਸਿੰਘ ਵਾਲਾ ਦੀਆਂ ਖੇਡਾਂ ਵਿਧਾਇਕ ਨਿਹਾਲ ਸਿੰਘ ਵਾਲਾ ਮਨਜੀਤ ਸਿੰਘ ਬਿਲਾਸਪੁਰ ਵੱਲੋਂ ਰਸਮੀ ਤੌਰ ਉੱਪਰ ਸ਼ੁਰੂ ਕਰਵਾਈਆਂ ਗਈਆਂ। ਇਸ ਮੌਕੇ ਉਨ੍ਹਾਂ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਖਿਡਾਰੀਆਂ ਦੇ ਚੰਗੇ ਅਤੇ ਨਸ਼ਾ ਰਹਿਤ ਭਵਿੱਖ ਲਈ ਹੀ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਲੈ ਕੇ ਆਈ ਹੈ। ਉਨ੍ਹਾਂ ਦੱਸਿਆ ਕਿ ਖੇਡ ਮੈਦਾਨਾਂ ਵਿੱਚ ਪੰਜਾਬ ਦੇ ਖਿਡਾਰੀਆਂ ਦਾ ਇਕੱਠ ਤੋਂ ਅੰਦਾਜਾ ਲਗਾਇਆ ਜਾ ਸਕਦੈ ਕਿ ਨੌਜਵਾਨ ਪੀੜ੍ਹੀ ਖੇਡਾਂ ਦੇ ਰਾਹਾਂ ਵੱਲ ਤੁਰ ਰਹੀ ਹੈ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿੱਚ ਬਹੁਤਾ ਸਮਾਂ ਨਹੀਂ ਲੱਗੇਗਾ।



ਜ਼ਿਲ੍ਹਾ ਖੇਡ ਅਫ਼ਸਰ ਸ੍ਰੀਮਤੀ ਨਵਦੀਪ ਜਿੰਦਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਪਹਿਲੇ ਦਿਨ ਬਲਾਕ ਨਿਹਾਲ ਸਿੰਘ ਵਾਲਾ ਵਿਖੇ ਵੱਡੀ ਗਿਣਤੀ ਵਿੱਚ ਖਿਡਾਰੀ ਸ਼ਾਮਿਲ ਹੋਏ। ਉਨ੍ਹਾਂ ਦੱਸਿਆ ਕਿ ਖਿਡਾਰੀਆਂ ਲਈ ਰਿਫਰੈਸ਼ਮੈਂਟ ਅਤੇ ਦੁਪਹਿਰ ਦੇ ਖਾਣੇ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ।






# ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਬਲਾਕ ਜ਼ੀਰਾ ਦੇ ਟੂਰਨਾਮੈਂਟ ਜਵਾਹਰ ਨਵੋਦਿਆ ਵਿਦਿਆਲਯ ਮਹੀਆਂ ਵਾਲਾ ਕਲਾਂ ਵਿਖੇ ਹੋਏ ਸ਼ੁਰੂ

ਜ਼ੀਰਾ, 4 ਸਤੰਬਰ (ਗਿਆਨ ਸਿੰਘ) ਪੰਜਾਬ ਸਰਕਾਰ, ਖੇਡ ਵਿਭਾਗ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ ਦੌਰਾਨ ਬਲਾਕ ਜ਼ੀਰਾ ਦੇ ਟੂਰਨਾਮੈਂਟ ਜਵਾਹਰ ਨਵੋਦਿਆ ਵਿਦਿਆਲਿਆ ਮਹੀਆਂ ਵਾਲਾ ਕਲਾਂ ਵਿਖੇ ਸ਼ੁਰੂ ਹੋਏ। ਇਨ੍ਹਾਂ ਖੇਡ ਮੁਕਾਬਲਿਆਂ ਦੌਰਾਨ ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਐਸ.ਡੀ.ਐਮ. ਜ਼ੀਰਾ ਸ੍ਰੀ ਗਗਨਦੀਪ ਸਿੰਘ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ ਨੇ ਖਿਡਾਰੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਹੀ ਸਰਵਪੱਖੀ ਵਿਕਾਸ ਕਰਦੀਆਂ ਹਨ ਅਤੇ ਨਸ਼ਿਆਂ ਤੋਂ ਨੌਜਵਾਨਾਂ ਨੂੰ ਦੂਰ ਰੱਖਦੀਆਂ ਹਨ ਇਸ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਖੇਡਾਂ ਸਾਡੇ ਜੀਵਨ ਦਾ ਇੱਕ ਜਰੂਰੀ ਅੰਗ ਹਨ, ਖੇਡਾਂ ਸਰੀਰਕ ਅਤੇ ਮਾਨਸਿਕ ਪੱਖੋਂ ਖਿਡਾਰੀਆਂ ਨੂੰ ਤੰਦਰੁਸਤ ਰੱਖਦੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਦੀ ਸ਼ੁਰੂਆਤ ਕਰਨਾ ਇੱਕ ਸਲਾਘਾਯੋਗ ਉੱਦਮ ਹੈ। ਇਸ ਨਾਲ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਅਤੇ ਰਾਜ ਵਾਸੀਆਂ ਨੂੰ ਸਿਹਤਮੰਦ ਰੱਖਣ ਵਿੱਚ ਵੱਡੀ ਮਦਦ ਮਿਲੇਗੀ।

ਇਸ ਬਲਾਕ ਪੱਧਰੀ ਟੂਰਨਾਮੈਂਟ ਵਿਚ ਜੇਤੂਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਸ. ਬਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੌਰਾਨ ਅਥਲੈਟਿਕਸ ਇਵੈਂਟ ਅੰਡਰ 14 ਲੜਕੀਆਂ ਨੇ 60 ਮੀਟਰ ਵਿੱਚ ਸਿਮਰਨਪ੍ਰੀਤ ਕੌਰ ਕੱਸੋਆਣਾ ਨੇ ਪਹਿਲਾ ਸਥਾਨ, ਪ੍ਰਭਜੋਤ ਕੌਰ ਸਸਸਸ ਚੂਚਕ ਵਿੰਡ ਨੇ ਦੂਜਾ ਅਤੇ ਕਿਰਨਦੀਪ ਕੌਰ ਸਸਸਸ ਚੂਚਕ ਵਿੰਡ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 14 ਲੜਕੀਆਂ ਨੇ 600 ਮੀਟਰ ਵਿੱਚ ਪ੍ਰਭਵੀਰ ਕੌਰ ਸਹਸ ਸੇਖਵਾਂ ਨੇ ਪਹਿਲਾ, ਸਿਮਰਨਪ੍ਰੀਤ ਕੌਰ ਐਸ. ਐਸ. ਐਮ ਕੱਸੋਆਣਾ ਨੇ ਦੂਜਾ ਅਤੇ ਏਕਨੂਰ ਕੌਰ ਗੁਰੂ ਰਾਮਦਾਸ



ਪਬਲਿਕ ਸਕੂਲ ਬਹਾਵਲਪੁਰ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਲੜਕਿਆਂ ਵਿੱਚ ਮਨਿੰਦਰਪਾਲ ਸਿੰਘ ਜਵਾਹਰ ਨਵੋਦਿਆ ਵਿੱਦਿਆਲਯ ਮਹੀਆਂ ਵਾਲਾ ਨੇ ਪਹਿਲਾ, ਮਨਦੀਪ ਸਿੰਘ ਜੇ. ਐਨ. ਵੀ ਨੇ ਦੂਜਾ ਅਤੇ ਗੁਰਸੇਵਕ ਸਿੰਘ ਸਸਸਸ ਚੂਚਕ ਵਿੰਡ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 17 3000ਮੀਟਰ ਵਿੱਚ ਲੜਕੀਆਂ ਵਿੱਚੋਂ ਆਰਤੀ ਕੌਰ ਸਹਸ ਸੇਖਵਾਂ ਨੇ ਪਹਿਲਾ ਅਤੇ ਮੁਸਕਾਨ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ ਅਤੇ ਲੜਕਿਆਂ ਵਿੱਚ ਜੋਸ਼ਵੀਰ ਸਿੰਘ ਜੀਵਨ ਮੱਲ ਸਸਸ ਜੀਰਾ ਨੇ ਪਹਿਲਾ ਅਤੇ ਯੁਵਰਾਜ ਸਿੰਘ ਸਹਸ ਸੇਖਵਾਂ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ 17 ਵਿੱਚ 400 ਮੀਟਰ ਲੜਕੀਆਂ ਵਿੱਚ ਅਵਸਥਾ ਕੌਰ ਸਹਸ ਸੇਖਵਾਂ ਨੇ ਪਹਿਲਾ, ਸਿਮਰਨਪ੍ਰੀਤ ਕੌਰ ਅਕਾਲ ਅਕੈਡਮੀ ਭੜਾਣਾ ਨੇ ਦੂਜਾ ਅਤੇ ਪ੍ਰਿਆ ਐਸ.ਐਸ. ਐਮ ਕੱਸੋਆਣਾ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਲੜਕਿਆਂ ਵਿੱਚ ਰਾਹੁਲ ਭੱਟੀ ਆਦਰਸ਼ ਸੀ.ਸੈ. ਸਕੂਲ ਹਰਦਾਸਾ ਨੇ ਪਹਿਲਾ, ਕ੍ਰਿਸ਼ ਧਾਲੀਵਾਲ ਜੀਵਨ ਮੱਲ ਸੀ.ਸੈ. ਸਕੂਲ(ਲੜਕੇ) ਜੀਰਾ ਨੇ ਦੂਜਾ ਅਤੇ ਅਸ਼ੀਸ਼ ਜੀਵਨ ਮੱਲ ਸੀ.ਸੈ. ਸਕੂਲ(ਲੜਕੇ) ਜੀਰਾ ਨੇ ਤੀਜਾ ਸਥਾਨ ਹਾਸਲ ਕੀਤਾ।



ਉਨ੍ਹਾਂ ਦੱਸਿਆ ਕਿ ਵਾਲੀਬਾਲ ਸਮੈਸ਼ਿੰਗ ਖੇਡ ਅੰਡਰ 14 ਲੜਕੀਆਂ ਵਿੱਚ ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਬਹਾਵਲਪੁਰ ਨੇ ਪਹਿਲੀ ਅਤੇ ਸ੍ਰੀ ਗੁਰਦਾਸ ਰਾਮ ਕੰਨਿਆਂ ਸੀ.ਸਕੈ. ਸਕੂਲ ਜੀਰਾ ਨੇ ਦੂਜੀ ਪੁਜੀਸ਼ਨ ਹਾਸਲ ਕੀਤੀ। ਅੰਡਰ 17 ਲੜਕੀਆਂ ਵਿੱਚ ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਬਹਾਵਲਪੁਰ ਨੇ ਪਹਿਲਾ ਸਥਾਨ ਹਾਸਲ ਕੀਤਾ। ਅੰਡਰ 21 ਲੜਕੀਆਂ ਸ੍ਰੀ ਗੁਰਦਾਸ ਰਾਮ ਕੰਨਿਆਂ ਸੀ.ਸਕੈ. ਸਕੂਲ ਜੀਰਾ ਨੇ ਪਹਿਲਾ ਸਥਾਨ ਹਾਸਲ ਕੀਤਾ। ਵਾਲੀਬਾਲ ਅੰਡਰ14 ਲੜਕਿਆਂ ਵਿੱਚ ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ ਬਹਾਵਲਪੁਰ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 21 ਵਿੱਚ ਬਾਬਾ ਜੱਸਾ ਸਿੰਘ ਕਲੱਬ ਬੂਟੇ ਵਾਲਾ ਨੇ ਪਹਿਲਾ ਅਤੇ ਜੀਵਨ ਮੱਲ ਸਸਸ ਜੀਰਾ ਨੇ ਦੂਜਾ ਸਥਾਨ ਹਾਸਲ ਕੀਤਾ।

ਇਸੇ ਤਰ੍ਹਾਂ ਕਬੱਡੀ(ਨਸ) ਵਿਚ ਅੰਡਰ 14 ਲੜਕੀਆਂ ਸਹਸ ਸ਼ੇਖਵਾਂ ਨੇ ਪਹਿਲਾ ਅਤੇ ਸਸਸਸ ਚੂਚਕ ਵਿੰਡ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 17 ਵਿੱਚ ਸਸਸਸ ਚੂਚਕ ਵਿੰਡ ਨੇ ਪਹਿਲਾ ਅਤੇ ਸਸਸਸ ਜੀਰਾ ਨੇ ਦੂਜਾ ਅਤੇ ਸਥਾਨ ਹਾਸਲ ਕੀਤਾ। ਇਸ ਤਰ੍ਹਾਂ ਅੰਡਰ 21 ਲੜਕੀਆਂ ਵਿਚ ਸਸਸਸ ਜੀਰਾ ਨੇ ਪਹਿਲਾ ਸਥਾਨ ਹਾਸਲ ਕੀਤਾ। ਅੰਡਰ 14 ਲੜਕਿਆਂ ਵਿੱਚ ਸਹਸ ਸ਼ੇਖਵਾਂ ਨੇ ਪਹਿਲਾ ਅਤੇ ਜਵਾਹਰ ਨਵੋਦਿਆ ਵਿੱਦਿਆਲਯ ਮਹੀਆਂ ਵਾਲਾ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ 17 ਵਿੱਚ ਸਸਸਸ ਬਹਿਕ ਗੁੱਜਰਾਂ ਨੇ ਪਹਿਲਾ ਅਤੇ ਜੇ. ਐਨ. ਵੀ ਮਹੀਆਂ ਵਾਲਾ ਨੇ ਦੂਜਾ ਸਥਾਨ ਹਾਸਲ ਕੀਤਾ। ਖੋ-ਖੋ ਅੰਡਰ 14 ਲੜਕਿਆਂ ਵਿੱਚ ਤਲਵੰਡੀ ਜੱਲੇ ਖਾਂ ਨੇ ਪਹਿਲਾ ਅਤੇ ਲਹਿਰਾ ਰੋਹੀ ਨੇ ਦੂਜਾ ਸਥਾਨ ਹਾਸਲ ਕੀਤਾ।

ਇਸੇ ਤਰ੍ਹਾਂ ਅੰਡਰ 17 ਅਤੇ 21 ਲੜਕਿਆਂ ਅਤੇ ਲੜਕੀਆਂ ਵਿਚ ਵੀ ਤਲਵੰਡੀ ਜੱਲੇ ਖਾਂ ਨੇ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਫੁਟਬਾਲ ਵਿੱਚ ਅੰਡਰ 14 ਲੜਕਿਆਂ ਵਿੱਚ ਕੱਸੋਆਣਾ ਨੇ ਪਹਿਲਾ ਅਤੇ ਅਕਾਲ ਅਕੈਡਮੀ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 17 ਵਿੱਚ ਕੱਸੋਆਣਾ ਨੇ ਪਹਿਲਾ ਅਤੇ ਐਮਰੋਜੀਅਲ ਪਬਲਿਕ ਸਕੂਲ ਜੀਰਾ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ 21 ਵਿੱਚ ਐਮਰੋਜੀਅਲ ਪਬਲਿਕ ਸਕੂਲ ਨੇ ਪਹਿਲਾ ਅਤੇ ਕੱਸੋਆਣਾ ਨੇ ਦੂਜਾ ਸਥਾਨ ਹਾਸਲ ਕੀਤਾ। ਰੱਸਾ ਕੱਸੀ ਗੇਮ ਵਿਚ ਅੰਡਰ 14 ਅਤੇ 17 ਲੜਕੀਆਂ ਵਿੱਚ ਸ਼ਹੀਦ ਗੁਰਦਾਸ ਰਾਮ ਸਕੰਸਸ ਜੀਰਾ ਨੇ ਪਹਿਲਾ ਸਥਾਨ ਹਾਸਲ ਕੀਤਾ।

ਇਸ ਮੌਕੇ ਸ੍ਰੀਮਤੀ ਸਵਰਨਜੀਤ ਕੌਰ ਨਿੱਝਰ ਪ੍ਰਿੰਸੀਪਲ ਜੇ. ਐਨ. ਵੀ. ਮਹੀਆਂ ਵਾਲਾ ਕਲਾਂ, ਸ੍ਰ: ਚਰਨਬੀਰ ਸਿੰਘ ਡੀ.ਪੀ.ਈ, ਸ੍ਰੀ ਅਕਸ਼ ਕੁਮਾਰ ਡੀ.ਐਮ ਜ਼ਿਲ੍ਹਾ ਸਿੱਖਿਆ ਦਫਤਰ ਫਿਰੋਜ਼ਪੁਰ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਟੀਚਰ ਅਤੇ ਖੇਡ ਵਿਭਾਗ ਦੇ ਕੋਚ ਅਤੇ ਸਟਾਫ਼ ਆਦਿ ਹਾਜ਼ਰ ਸਨ।




ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Ramgarhia Boy, well settled family in Canada is looking for a suitable match for their 32-year-old son. Doing business in Ontario and Winnipeg. Canadian citizen, Height: 5"10', Active in Real Estate and Financing Business. Call: 204-510-7658 or 437-881-7282

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋ-ਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4'' tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3'', ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300


ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500


Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com









# ਡਾ. ਐੱਸ.ਐੱਸ. ਆਹਲੂਵਾਲੀਆ ਨੇ ਸਾਫ਼ ਪਾਣੀ ਅਤੇ ਸੀਵਰੇਜ਼ ਦੇ 31 ਪ੍ਰੋਜੈਕਟਾਂ ਨੂੰ ਦਿੱਤੀ ਪ੍ਰਵਾਨਗੀ

## ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਨੇ 103 ਕਰੋੜ ਦੇ ਪ੍ਰੋਜੈਕਟਾਂ ਨੂੰ ਦਿੱਤੀ ਪ੍ਰਵਾਨਗੀ

ਚੰਡੀਗੜ੍ਹ, 4 ਸਤੰਬਰ (ਗਿਆਨ ਸਿੰਘ): ਅੱਜ ਇੱਥੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ, ਸੈਕਟਰ 27, ਚੰਡੀਗੜ੍ਹ ਦੇ ਦਫ਼ਤਰ ਵਿੱਚ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਚੇਅਰਮੈਨ ਡਾ. ਐਸ.ਐਸ. ਆਹਲੂਵਾਲੀਆ ਦੀ ਪ੍ਰਧਾਨਗੀ ਹੇਠ ਵਿਭਾਗ ਦੇ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਹੋਈ।



ਇਸ ਮੀਟਿੰਗ ਵਿੱਚ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਸੀਈਓ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਦੇ ਸਕੱਤਰ, ਮਾਲਵਿੰ-ਦਰ ਸਿੰਘ ਜੱਗੀ ਨੇ ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਚੇਅਰਮੈਨ ਡਾ. ਐਸ.ਐਸ ਆਹਲੂਵਾਲੀਆ ਦੇ ਸਾਹਮਣੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਣ ਵਾਲੇ ਜਲ ਸਪਲਾਈ ਅਤੇ ਸੀਵਰੇਜ਼ ਦੇ ਕੰਮਾਂ ਸਬੰਧੀ 31 ਪ੍ਰੋਜੈਕਟਾਂ ਦੇ ਲਈ 103 ਕਰੋੜ ਰੁਪਏ ਦਾ ਮਤਾ ਪੇਸ਼ ਕੀਤਾ। ਇਸ ਮਤੇ ਨੂੰ ਡਾ. ਆਹਲੂਵਾਲੀਆ ਵਲੋਂ ਬਿਨ੍ਹਾਂ ਕਿਸੇ ਦੇਰੀ ਦੇ ਤੁਰੰਤ ਪ੍ਰਵਾਨਗੀ ਦੇ ਦਿੱਤੀ ਗਈ।

ਪੰਜਾਬ ਦੇ ਵੱਖ-ਵੱਖ ਸ਼ਹਿਰ, ਜਿਨ੍ਹਾਂ ਦੇ ਲਈ 103 ਕਰੋੜ ਰੁਪਏ ਦੇ 31 ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾ ਦੇ ਵਿੱਚ ਅਰਨੀਵਾਲਾ, ਫਾਜਿਲਕਾ, ਤਲਵਾੜਾ, ਭਾਦਸੋਂ, ਬਲਾਚੌਰ, ਬੁੱਢਲਾਡਾ, ਬਰੇਟਾ, ਅਮਲੋਹ, ਹੰਡਿਆਇਆ, ਭਦੌੜ, ਮੰਡੀ ਗੋਬਿੰਦਗੜ੍ਹ, ਸੰਗਰੂਰ, ਨਵਾਂ ਸ਼ਹਿਰ, ਸਰਹਿੰਦ, ਧੂਰੀ, ਗੁਰਦਾਸਪੁਰ, ਘਨੌਰ, ਸੰਗਤ ਮੰਡੀ, ਮੌੜੀ ਮੰਡੀ, ਤਲਵੰਡੀ ਸਾਬੋ, ਜੈਤੋਂ ਟਾਊਨ, ਬਟਾਲਾ ਟਾਊਨ, ਸਮਾਣਾ, ਨਾਭਾ, ਰਾਜਪੁਰਾ ਸ਼ਾਮਿਲ ਹਨ।


ਇਸ ਮੌਕੇ ਉਤੇ ਡਾ. ਐਸ.ਐਸ. ਆਹਲੂਵਾਲੀਆ ਨੇ ਕਿਹਾ ਕਿ, "ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪਿਛਲੇ ਡੇਢ ਸਾਲ ਵਿੱਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਹੁਤ ਕੰਮ ਕੀਤੇ ਹਨ। ਪੰਜਾਬ ਦੇ ਕਈਂ ਸ਼ਹਿਰਾਂ ਦੇ ਵਿੱਚ ਕਰੋੜਾਂ ਰੁਪਏ ਦੇ ਸੀਵਰੇਜ਼ ਟਰੀਟਮੈਂਟ ਪਲਾਂਟਾਂ ਦੇ ਕੰਮ ਚੱਲ ਰਹੇ ਹਨ, ਜਿਨ੍ਹਾਂ ਨੂੰ ਆਉਣ ਵਾਲੇ ਕੁੱਝ ਮਹੀਨਿਆਂ ਦੇ ਵਿੱਚ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ 103 ਕਰੋੜ ਰੁਪਏ ਨਾਲ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦੇ ਵਿੱਚ ਪੀਣ ਵਾਲੇ ਪਾਣੀ ਦੇ ਲਈ ਨਵੀਆਂ ਲਾਇਨਾਂ, ਟਿਊਬਵੈਲ, ਅਤੇ ਸੀਵਰੇਜ਼ ਦੀਆਂ ਨਵੀਆਂ ਲਾਇਨਾਂ ਪਾਈਆਂ ਜਾਣਗੀਆਂ।"

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਲਈ ਵੱਡੇ ਪੱਧਰ ਤੇ ਕੰਮ ਕੀਤਾ ਜਾ ਰਿਹਾ ਹੈ। ਨਹਿਰੀ ਪਾਣੀ ਨੂੰ ਜ਼ਿਆਦਾ ਤੋਂ ਜ਼ਿਆਦਾ ਵਰਤੋਂ ਵਿੱਚ ਲਿਆਉਣ ਦੇ ਲਈ ਪ੍ਰੋਜੈਕਟ ਤਿਆਰ ਕੀਤੇ ਜਾ ਰਹੇ ਹਨ। ਪੰਜਾਬ ਦੇ ਕਈਂ ਸ਼ਹਿਰਾਂ ਦੇ ਵਿੱਚ ਨਹਿਰੀ ਪਾਣੀ ਨੂੰ ਪੀਣ ਯੋਗ ਪਾਣੀ ਦੀ ਵਰਤੋਂ ਵਿੱਚ ਲਿਆਉਣ ਦੇ ਲਈ ਪ੍ਰੋਜੈਕਟਾਂ ਦੇ ਕੰਮ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਬਹੁਤ ਜ਼ਿਆਦਾ ਹੇਠਾ ਜਾ ਚੁੱਕਾ ਹੈ, ਇਸ ਨੂੰ ਬਚਾਉਣ ਦੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਹਿਮ ਕਦਮ ਚੁੱਕੇ ਜਾ ਰਹੇ ਹਨ।
















LOCAL & LONG DISTANCE MOVING
H.K. MOVERS
VANCOUVER - CALGARY - EDMONTON - WINNIPEG - TORONTO - OTTAWA - MONTREAL
CANADA'S MOVING COMPANY
WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS
Best Business of 2023 ThreeBest Rated Excellence
Call: 416.524.6704
www.hkmovers.ca
2023 ThreeBest Rated Certificate OF EXCELLENCE THREE BEST RATED
SAFE, RELIABLE AND EFFICIENT SERVICE AT THE BEST RATES


ASIAN FOOD CENTRE
Rakhi Sale
www.AsianFoodCentre.com
24TH AUG TO 10TH SEPT 2023
Fresh Fruits, Vegetables, Indian & Canadian Grocery
$11.99 MEERA WHOLE WHEAT ATTA
$21.99 20LB REG.$24.99 AASHIRVAAD WHOLE WHEAT ATTA
$12.99 MEERA BESAN
$4.49 KHALSA PANEER
$12.99 QUALITY WHOLE WHEAT ATTA
$13.99 SHER MULTIGRAIN ATTA
$4.99 ALMONDS
$7.99 POPULAR PARATHA
$3.29 POPULAR PARATHA
$1.79 CAVENDISH HASH BROWN
$1.99 THAKAR HOME STYLE ASST.
$3.79 REGAL JUICE
$4.99 TASTY BLACK CHANNA
$5.99 TASTY URAD WHOLE
$25.99 VERKA DESI GHEE
$1.99 RESHMA MEHNDI BLACK & BROWN
$5.99 APNA TASTE GULAB JAMUN
$2.79 ITALPASTA ASST. PASTA
$7.99 HALDIRAM TANDOORI NAAN
$10.99 WAGHBAKRI TEA
$6.99 TASTY FROZEN PEAS
$2.79 RUBICON JUICE
$3.79 PUNJABI COOKIES
$1.49 ASIAN CHANNA WITH MURI
$1.49 FROOTI
$2.49 POPULAR SAMOSA/SPRING ROLLS
$3.49 THAKAR MATAR KULCHA
$1.49 SANTOSH NAAN
$1.79 BRITANNIA TOASTEA SUJI RUSK
$1.49 EXCEPT PANEER ASHIRVAAD NAAN/PARATHA (EXCEPT PANEER)
$0.99 LAZZAT ASST. FALOODA
$7.99 SAVERA RASMALAI
$2.99 TAZA NAN KHATAE
$1.99 PACHARANGA MIX PICKLE
WE HAVE LARGE VARIETY OF RAKHI AVAILABLE
Variety of Indian Sweets Available
ETOBICOKE 10 Westmore Dr. 416-740-3262
MISSISSAUGA 1075 Ceremonial Dr 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232